# ਕਾਰਜਕਾਰੀ ਇੰਜੀਨੀਅਰ
## ਉਸਾਰੀ ਮੰਡਲ, ਲੋਕ ਨਿਰਮਾਣ ਵਿਭਾਗ (ਭ ਤੇ ਮ), ਸ਼ਾਖਾ, ਸਰਹਿੰਦ
Email:- pwd.sirhind@punjab.gov.in Phone:- 01763-502516


ਸੇਵਾ ਵਿਖੇ,

Principal,
Saffron City School,
Chandigarh Road, Fatehgarh Sahib

ਮੀਮੋ ਨੰ. 1782 ਮਿਤੀ. 29-05-2026

ਵਿਸ਼ਾ:- ਸਾਲ 2026-2027 ਲਈ Building Safety Certificate ਜਾਰੀ ਕਰਨ ਬਾਰੇ

ਹਵਾਲਾ:- ਆਪ ਦਾ ਪੱਤਰ ਨੰ.SCS/33/FGS/2026, ਮਿਤੀ 11.05.2026

ਉਪਰੋਕਤ ਵਿਸ਼ੇ ਅਤੇ ਹਵਾਲੇ ਅਧੀਨ ਪੱਤਰ ਦੇ ਸਬੰਧ ਵਿੱਚ ਉਪ ਮੰਡਲ ਇੰਜੀਨੀਅਰ, ਉਸਾਰੀ ਉਪ ਮੰਡਲ, ਲੋ.ਨਿ.ਵਿ (ਭ ਤੇ ਮ) ਸ਼ਾਖਾ, ਸਰਹਿੰਦ ਵੱਲੋਂ ਕੀਤੀ ਗਈ ਰਿਪੋਰਟ ਮੁਤਾਬਿਕ ਸਾਲ 2026-2027 ਲਈ ਬਿਲਡਿੰਗ ਸੇਫਟੀ ਸਰਟੀਫਿਕੇਟ ਹੇਠ ਲਿਖੀਆਂ ਸ਼ਰਤਾਂ ਦੇ ਤਹਿਤ ਜਾਰੀ ਕੀਤਾ ਜਾਂਦਾ ਹੈ:-

1) ਹੜ੍ਹ/ਭੂਚਾਲ ਤੋਂ ਪ੍ਰਭਾਵਿਤ ਹੋਣ ਦੀ ਸੂਰਤ ਵਿੱਚ ਬਿਲਡਿੰਗ ਨੂੰ ਮਹਿਕਮੇ ਤੋਂ ਦੁਬਾਰਾ ਚੈੱਕ ਕਰਵਾਇਆ ਜਾਵੇ।
2) ਜੇਕਰ School ਦੀ ਇਮਾਰਤ ਵਿੱਚ ਕੋਈ ਵਾਧਾ ਕੀਤਾ ਜਾਂਦਾ ਹੈ ਤਾਂ ਅਗਲੇ ਸਾਲ ਲਈ ਸਰਟੀਫਿਕੇਟ ਲੈਣ ਤੋਂ ਪਹਿਲਾਂ ਉਸ ਦਾ ਏਰੀਆ ਵਿੱਚ ਸ਼ਾਮਿਲ ਕਰ ਲਿਆ ਜਾਵੇ।
3) ਜੇਕਰ ਬਿਲਡਿੰਗ ਵਿੱਚ ਵਾਧਾ/ਤਬਦੀਲੀ ਕੀਤੀ ਜਾਂਦੀ ਹੈ ਤਾਂ ਇਹ ਕੰਮ ਕਿਸੇ ਯੋਗ ਇੰਜੀਨੀਅਰ ਦੀ ਦੇਖ-ਰੇਖ ਹੇਠ ਕਰਵਾਇਆ ਜਾਵੇ ਅਤੇ ਬਿਲਡਿੰਗ ਦੀ ਸੇਫਟੀ ਸਬੰਧੀ ਸਰਟੀਫਿਕੇਟ ਇਸ ਵਿਭਾਗ ਤੋਂ ਦੁਬਾਰਾ ਪ੍ਰਾਪਤ ਕੀਤਾ ਜਾਵੇ।
4) ਇਸ ਬਿਲਡਿੰਗ ਦਾ Fire Safety Certificate ਇੰਚਾਰਜ ਫਾਇਰ ਸਟੇਸ਼ਨ, ਫਤਹਿਗੜ੍ਹ ਸਾਹਿਬ ਵੱਲੋਂ ਪੱਤਰ ਨੰ.PBIP-(Fire)2026/4587 ਮਿਤੀ 03.04.2026 ਰਾਹੀਂ ਤਿੰਨ ਸਾਲ ਲਈ ਦਿੱਤਾ ਗਿਆ ਹੈ। ਇਸ ਦੀ ਵੈਧਤਾ ਖਤਮ ਹੋਣ ਉਪਰੰਤ ਇਸ ਸਰਟੀਫਿਕੇਟ ਨੂੰ ਮੁੜ ਰੀਨਿਊ ਕਰਵਾਇਆ ਜਾਵੇ।
5) ਇਹ ਸਰਟੀਫਿਕੇਟ ਕਿਸੇ ਵੀ ਤਰ੍ਹਾਂ ਦੇ ਕਾਨੂੰਨੀ ਕੇਸਾਂ ਲਈ ਵੈਧ ਨਹੀਂ ਹੈ।
6) ਇਸ ਸਰਟੀਫਿਕੇਟ ਦੀ ਮਿਆਦ ਮਿਤੀ 31.03.2027 ਤੱਕ ਹੈ।

ਕਾਰਜਕਾਰੀ ਇੰਜੀਨੀਅਰ
ਉਸਾਰੀ ਮੰਡਲ, ਲੋ.ਨਿ.ਵਿ
(ਭ ਤੇ ਮ) ਸ਼ਾਖਾ ਸਰਹਿੰਦ

ਪਿੱਠ ਅੰਕਣ ਨੰ. ਮਿਤੀ.

ਉਪਰੋਕਤ ਦਾ ਉਤਾਰਾ ਉਪ ਮੰਡਲ ਇੰਜੀਨੀਅਰ, ਉਸਾਰੀ ਉਪ ਮੰਡਲ, ਲੋਕ ਨਿਰਮਾਣ ਵਿਭਾਗ (ਭ ਤੇ ਮ), ਸਰਹਿੰਦ ਨੂੰ ਉਹਨਾਂ ਵੱਲੋਂ ਪੱਤਰ ਨੰ.81, ਮਿਤੀ.25.05.2026 ਰਾਹੀਂ ਕੀਤੀ ਗਈ ਰਿਪੋਰਟ ਦੇ ਸਬੰਧ ਵਿੱਚ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਕਾਰਜਕਾਰੀ ਇੰਜੀਨੀਅਰ
ਉਸਾਰੀ ਮੰਡਲ, ਲੋ.ਨਿ.ਵਿ
(ਭ ਤੇ ਮ) ਸ਼ਾਖਾ ਸਰਹਿੰਦ